# ਮਾਪੇ ਤੇ ਨਿਗਰਾਨ 2009-2010

## ਮਾਪਿਆਂ ਅਤੇ ਨਿਗਰਾਨਾਂ ਲਈ ਨਿਖੇੜਵੀਂ (ਪੁਲ-ਆਊਟ) ਗਾਈਡ

ਪੇਸ਼ੇ (ਕਰੀਅਰ) ਅਤੇ ਪੜ੍ਹਾਈ ਦੀ ਚੋਣ ਵਿਚ ਆਪਣੇ ਬੱਚਿਆਂ ਦੀ ਸਹਾਇਤਾ ਕਰਨ ਲਈ

ਇਹ ਗਾਈਡ ਤੁਹਾਨੂੰ ਵਿਦਿਆ ਅਤੇ ਟ੍ਰੇਨਿੰਗ ਵਿਚ ਮੁਖ ਤਬਦੀਲੀਆਂ ਬਾਰੇ ਦਸਦੀ ਹੈ। ਇਹ ਤੁਹਾਡੇ ਲਈ ਕੁਝ ਅਮਲੀ ਟੋਟਕੇ ਵੀ ਪੇਸ਼ ਕਰਦੀ ਹੈ ਜੋ ਦਸਦੇ ਹਨ ਕਿ ਤੁਸੀਂ ਆਪਣੇ ਟੀਨਏਜਰ ਦੇ ਉਸ ਲਈ ਸਹੀ ਚੋਣ ਕਰ ਸਕਣ ਵਿਚ ਕਿਵੇਂ ਸਹਾਈ ਹੋ ਸਕਦੇ ਹੋ।

ਵਿਦਿਆ ਅਤੇ ਟ੍ਰੇਨਿੰਗ ਵਿਚ ਤਬਦੀਲੀਆਂ ਅਜ ਦੇ ਟੀਨਏਜਰਾਂ ਸਨਮੁਖ ਪਹਿਲੇ ਕਿਸੇ ਵੀ ਸਮੇਂ ਤੋਂ ਵਧ ਚੋਣਾਂ ਪੇਸ਼ ਕਰਦੀਆਂ ਹਨ। ਇਹ ਫੈਸਲਾ ਕਰਨਾ ਕਿ ਉਹ ਕੀ ਕਰਨ ਇੱਕੋ ਸਮੇਂ ਉੱਤੇਜਨਾ, ਘਬਰਾਹਟ ਅਤੇ ਚਿੰਤਾ ਦਾ ਕਾਰਨ ਬਣ ਸਕਦੇ ਹਨ। ਆਪਣੇ ਬੱਚਿਆਂ ਨੂੰ ਸਭ ਤੋਂ ਚੰਗੀ ਤਰ੍ਹਾਂ ਤੁਸੀਂ ਜਾਣਦੇ ਹੋ ਅਤੇ ਹੁਣ ਤੇ ਭਵਿੱਖ ਵਿਚ ਸਹੀ ਚੋਣ ਕਰਨ ਬਾਰੇ ਸਹਾਇਤਾ ਕਰਨ ਵਿਚ ਤੁਹਾਡੀ ਭੂਮਿਕਾ ਅਹਿਮ ਹੈ। ਪਰਮਾਣ ਦਸਦੇ ਹਨ ਕਿ ਟੀਨਏਜਰ ਉਨ੍ਹਾਂ ਗੱਲਾਂ ਦੀ ਕਦਰ ਕਰਦੇ ਹਨ ਜੋ ਉਨ੍ਹਾਂ ਦੇ ਮਾਪੇ ਅਤੇ ਨਿਗਰਾਨ ਸੋਚਦੇ ਹਨ, ਭਾਂਵੇਂ ਉਨ੍ਹਾਂ ਦਾ ਵਿਹਾਰ ਇਸ ਤੋਂ ਉਲਟ ਵੀ ਜਾਪਦਾ ਹੋਵੇ।

## ਵਿਦਿਆ ਅਤੇ ਟ੍ਰੇਨਿੰਗ ਵਿਚ ਤਬਦੀਲੀਆਂ

### ਉੱਦੇਸ਼
ਅਰਥਚਾਰੇ ਦੇ ਵਿਸ਼ਵੀਕਰਨ ਵਲ ਵਧਦੇ ਜਾਣ ਕਾਰਨ, ਯੂ.ਕੇ. ਦੇ ਨੌਜਵਾਨਾਂ ਨੂੰ ਪਹਿਲਾਂ ਨਾਲੋਂ ਉਚੇਰੇ ਮੁਹਾਰਤੀ ਪੱਧਰਾਂ ਦੀ ਜ਼ਰੂਰਤ ਹੋਵੇਗੀ। ਬਦਲਦੀ ਦੁਨੀਆ ਦੀਆਂ ਲੋੜਾਂ ਦੀ ਪੂਰਤੀ ਲਈ ਵਿਦਿਆ ਅਤੇ ਟ੍ਰੇਨਿੰਗ ਨੂੰ ਸੁਧਾਰਿਆ ਜਾ ਰਿਹਾ ਹੈ। ਇਸਦਾ ਟੀਚਾ ਇਨ੍ਹਾਂ ਗੱਲਾਂ ਨੂੰ ਯਕੀਨੀ ਬਣਾਉਣਾ ਹੈ ਕਿ:

- ਸਾਰੇ ਨੌਜਵਾਨ ਉਹ ਮੁਹਾਰਤਾਂ ਪ੍ਰਾਪਤ ਕਰਨ ਜੋ ਉਨ੍ਹਾਂ ਨੂੰ ਪੜ੍ਹਾਈ, ਕੰਮ ਕਰਨ ਅਤੇ ਬਾਲਗ ਜੀਵਨ ਲਈ ਲੋੜੀਂਦੀਆਂ ਹਨ – ਇਨ੍ਹਾਂ ਵਿਚ ਚੰਗੇ ਮਿਆਰ ਦੀ ਅੰਗਰੇਜ਼ੀ ਅਤੇ ਗਣਿਤ ਸ਼ਾਮਲ ਹਨ
- ਹਰ ਨੌਜਵਾਨ ਲਈ ਢੁੱਕਵਾਂ ਵਿਕਲਪ ਮੌਜੂਦ ਹੋਵੇ
- ਹਰ ਵਿਕਲਪ ਪੜ੍ਹਾਈ ਰਾਹੀਂ ਉਨ੍ਹਾਂ ਪਗਡੰਡੀਆਂ ਤਕ ਲਿਜਾਏ ਜਿਨ੍ਹਾਂ ਵਿਚੋਂ ਚੋਣ ਕੀਤੀ ਜਾ ਸਕੇ ਅਤੇ ਜਿੱਥੋਂ ਕੰਮ ਤਕ ਪਹੁੰਚਿਆ ਜਾ ਸਕੇ।

### ਜ਼ਰੂਰੀ ਮੁਹਾਰਤਾਂ
ਸਿਖਲਾਈ ਦੇ ਸਾਰੇ ਪ੍ਰੋਗਰਾਮਾਂ ਅਤੇ ਬਹੁਤੀਆਂ ਯੋਗਤਾਵਾਂ ਵਿਚ ਹੁਣ ਸਿਖਲਾਈ, ਕੰਮ ਅਤੇ ਬਾਲਗ ਜੀਵਨ ਲਈ ਜ਼ਰੂਰੀ ਮੁਹਾਰਤਾਂ ਸ਼ਾਮਲ ਹੁੰਦੀਆਂ ਹਨ। ਕਾਰਜੀ ਮੁਹਾਰਤਾਂ ਅੰਗਰੇਜ਼ੀ, ਗਣਿਤ ਅਤੇ ICT ਦੀਆਂ ਵਿਹਾਰਕ ਮੁਹਾਰਤਾਂ ਹਨ ਜਿਨ੍ਹਾਂ ਦੀ ਅਸੀਂ ਸਾਰਾ ਦਿਨ ਵਰਤੋਂ ਕਰਦੇ ਹਾਂ ਅਤੇ ਹੁਣ ਸੈਕੰਡਰੀ ਵਿਸ਼ਾ-ਸੂਚੀ ਤਹਿਤ ਪੜ੍ਹਾਈਆਂ ਜਾਂਦੀਆਂ ਹਨ। ਕਾਰਜੀ ਮੁਹਾਰਤਾਂ ਹੁਣ ਡਿਪਲੋਮੇ ਦਾ ਹਿੱਸਾ ਹਨ ਅਤੇ, ਸਤੰਬਰ 2010 ਤੋਂ GCSE ਅਤੇ ਅਪ੍ਰੇਂਟਸਸ਼ਿਪ ਦਾ ਵੀ ਹੋਣਗੀਆਂ।

### ਵਿਕਲਪਾਂ ਨੂੰ ਸੁਧਾਰਨਾ
ਇਹ ਯਕੀਨੀ ਬਣਾਉਣ ਲਈ ਕਿ ਹਰ ਨੌਜਵਾਨ ਲਈ ਢੁੱਕਵਾਂ ਵਿਕਲਪ ਮੌਜੂਦ ਹੋਵੇ, ਕੀਤੇ ਜਾਣ ਵਾਲੇ ਕੰਮ ਵਿਚ ਸ਼ਾਮਲ ਹਨ:

- ਉਨ੍ਹਾਂ ਨੌਜਵਾਨਾਂ ਲਈ ਨਵੇਂ ਸਿਖਲਾਈ ਪ੍ਰੋਗਰਾਮਾਂ ਅਤੇ ਪਗਡੰਡੀਆਂ ਦਾ ਵਿਕਾਸ ਜਿਨ੍ਹਾਂ ਨੂੰ ਆਪਣੇ ਅੰਦਰ ਭਰੋਸਾ ਪੈਦਾ ਕਰਨ ਅਤੇ ਮੁੱਢਲੀਆਂ ਯੋਗਤਾਵਾਂ ਹਾਸਲ ਕਰਨ ਲਈ ਵਧੇਰੇ ਸਹਾਇਤਾ ਦੀ ਲੋੜ ਹੈ
- GCSE ਅਤੇ A ਲੈਵਲ ਵਰਗੀਆਂ ਮੌਜੂਦਾ ਯੋਗਤਾਵਾਂ ਨੂੰ ਹੋਰ ਮਜ਼ਬੂਤ ਕਰਨਾ ਤਾਂ ਜੋ ਉਹ ਆਪਣੇ ਉੱਦੇਸ਼ ਦੀ ਪੂਰਤੀ ਲਈ ਯੋਗ ਰਹਿਣ ਅਤੇ ਨੌਜਵਾਨਾਂ ਨੂੰ ਉਚੇਰੀ ਵਿਦਿਆ ਅਤੇ ਨੌਕਰੀ ਲਈ ਲੈਸ ਕਰਨ
- ਇਕ ਬਿਲਕੁਲ ਨਵੀਂ ਯੋਗਤਾ, ਡਿਪਲੋਮੇ ਦੀ ਸ਼ੁਰੂਆਤ। ਜਮਾਤੀ ਸਰਗਰਮੀਆਂ ਅਤੇ ਅਮਲੀ ਤਜਰਬੇ ਦੇ ਮੇਲ ਕਾਰਨ ਇਹ ਹਰ ਕਿਸਮ ਦੀ ਸਮਰੱਥਾ ਵਾਲੇ ਟੀਨਏਜਰਾਂ ਲਈ ਢੁੱਕਵਾਂ ਹੈ ਜੋ ਅਸਲੀ ਜ਼ਿੰਦਗੀ ਨਾਲ ਜੁੜੇ ਵਿਹਾਰਕ ਢੰਗ ਨਾਲ ਸਿਖਲਾਈ ਲੈਣਾ ਪਸੰਦ ਕਰਦੇ ਹਨ। ਇਹ ਮੁੱਢਲੇ (Foundation), ਉਚੇਰੇ (Higher) ਅਤੇ ਵਿਕਸਤ

(Advanced) ਲੈਵਲਾਂ ਉੱਤੇ ਉਪਲਬਦ ਹੈ। ਇਸ ਸਮੇਂ ਸਾਰੇ ਡਿਪਲੋਮੇ ਹਰ ਥਾਂ ਉਪਲਬਦ ਨਹੀਂ ਹਨ ਅਤੇ ਤੁਹਾਡੇ ਟੀਨਏਜਰ ਨੂੰ ਆਪਣੇ ਸਕੂਲ ਜਾਂ ਕਾਲਜ ਕੋਲੋਂ ਪਤਾ ਲਾ ਲੈਣਾ ਚਾਹੀਦਾ ਹੈ ਕਿ ਉੱਥੇ ਕੀ ਉਪਲਬਦ ਹੈ
- ਉਨ੍ਹਾਂ ਲਈ ਅਪ੍ਰੇਂਟਸਸ਼ਿਪਾਂ ਦਾ ਘੇਰਾ ਵਧਾਉਣਾ ਜੋ ਕੰਮ-ਅਧਾਰਤ ਰੂਟ ਰਾਹੀਂ ਸਫਲਤਾ ਪ੍ਰਾਪਤ ਕਰਨਾ ਚਾਹੁੰਦੇ ਹਨ। ਅਪ੍ਰੇਂਟਸਸ਼ਿਪਾਂ ਨੌਕਰੀ ਕਰ ਰਹੇ ਨੌਜਵਾਨਾਂ ਨੂੰ ਯੋਗਤਾਵਾਂ ਹਾਸਲ ਕਰਨ ਦੇ ਸਮਰੱਥ ਬਣਾਉਂਦੀਆਂ ਹਨ। ਨੌਜਵਾਨ ਅਪ੍ਰੇਂਟਸਸ਼ਿਪਾਂ 14-16 ਸਾਲ ਤਕ ਦੀ ਉਮਰ ਵਾਲਿਆਂ ਲਈ ਮੌਜੂਦ ਹਨ
- ਸਤੰਬਰ ਗਰੰਟੀ ਰਾਹੀਂ 16 ਅਤੇ 17 ਸਾਲ ਦੀ ਉਮਰ ਵਾਲੇ ਸਾਰਿਆਂ ਲਈ ਸਿਖਲਾਈ ਦੇ ਢੁੱਕਵੇਂ ਸਥਾਨ ਦੀ ਪੇਸ਼ਕਸ਼ ਦੀ ਗਰੰਟੀ ਦੇਣਾ।

### ਵਿਕਾਸ ਦਾ ਸਮਰਥਨ

ਇਹ ਤਬਦੀਲੀਆਂ ਯਕੀਨੀ ਬਣਾਉਂਦੀਆਂ ਹਨ ਕਿ ਸਾਰੇ ਵਿਕਲਪ ਕਿਸੇ ਪਾਸੇ ਵੱਲ ਨੂੰ ਲੈ ਕੇ ਜਾਂਦੇ ਹਨ। ਜੇ ਚਾਹੁਣ ਤਾਂ, ਨੌਜਵਾਨ ਬਾਦ ਵਿਚ ਜਾ ਕੇ ਦਿਸ਼ਾ ਬਦਲ ਸਕਦੇ ਹਨ, ਪਰ ਉਨ੍ਹਾਂ ਨੂੰ ਇਹ ਪਤਾ ਲਾ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਚੁਣੇ ਵਿਕਲਪ ਭਵਿੱਖ ਵਿਚ ਉਨ੍ਹਾਂ ਦੀਆਂ ਚੋਣਾਂ ਨੂੰ ਸੀਮਤ ਨਾ ਕਰਦੇ ਹੋਣ।

### ਹੋਰ ਜਾਣਕਾਰੀ ਲਉ

ਇਸ ਗਾਈਡ ਦੇ ਵਿਸਤ੍ਰਿਤ, ਔਨਲਾਈਨ ਰੂਪ ਨੂੰ **www.connexions-direct.com/parentcarer** ਉੱਤੇ ਦੇਖੋ ਜਿੱਥੇ ਤੁਹਾਨੂੰ ਇਸ ਅੰਦਰੂਨੀ ਗਾਈਡ (ਇਨਸਰਟ) ਦੇ ਪੀ.ਡੀ.ਐਫ਼. ਅਤੇ ਕੇਵਲ ਟੈਕਸਟ ਰੂਪ ਵੀ ਮਿਲ ਸਕਦੇ ਹਨ। **www.direct.gov.uk** ਦੇ 'Parents' ('ਮਾਪੇ') ਅਤੇ 'Young people' ('ਨੌਜਵਾਨ ਲੋਕ') ਭਾਗ ਵੀ ਦੇਖੋ। ਜੇ ਤੁਹਾਡੇ ਕੋਲ ਘਰ ਵਿਚ ਕੰਪਿਊਟਰ ਨਹੀਂ ਤਾਂ ਤੁਸੀਂ ਆਪਣੀ ਸਥਾਨਕ ਜਨਤਕ ਲਾਇਬ੍ਰੇਰੀ ਜਾਂ Connexions ਕੇਂਦਰ ਤੇ ਜਾ ਕੇ ਇੰਟਰਨੈਟ ਵਰਤ ਸਕਦੇ ਹੋ।

## ਸਹੀ ਚੋਣ ਕਰਨ ਵਿਚ ਆਪਣੇ ਬੱਚਿਆਂ ਦੀ ਸਹਾਇਤਾ

**ਸਫਲ ਚੋਣ ਕਰ ਸਕਣ ਦੀ ਕੁੰਜੀ ਵਧੀਆ ਜਾਣਕਾਰੀ ਹੈ। ਆਪਣੇ ਟੀਨਏਜਰ ਦੀ ਉਹ ਚੋਣਾਂ ਕਰ ਸਕਣ ਵਿਚ ਮਦਦ ਕਰਨ ਦਾ, ਜੋ ਉਨ੍ਹਾਂ ਨੂੰ ਰਾਸ ਬੈਠਦੀਆਂ ਹੋਣ, ਅਰਥ ਇਹ ਹੈ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਕੋਲ ਕਿਹੜੇ ਵਿਕਲਪ ਹਨ ਅਤੇ ਉਨ੍ਹਾਂ ਦੀ ਤਕੜਾਈ ਅਤੇ ਦਿਲਚਸਪੀ ਕਿਨ੍ਹਾਂ ਚੀਜ਼ਾਂ ਵਿਚ ਹੈ।**

## ਵਿਕਲਪਾਂ ਬਾਰੇ ਜਾਣਕਾਰੀ

ਅਹਿਮ ਪੜਾਅ 4 ਉੱਤੇ 16 ਤੋਂ ਬਾਦ ਵਾਲੇ ਨਾਲੋਂ ਘਟ ਵਿਕਲਪ ਮੌਜੂਦ ਹਨ ਕਿਉਂਕਿ ਕੁਝ ਵਿਸ਼ੇ ਲਾਜ਼ਮੀ ਹਨ। ਉਦਾਹਰਣ ਲਈ, ਸਾਰਿਆਂ ਨੂੰ ਅੰਗਰੇਜ਼ੀ, ਗਣਿਤ ਅਤੇ ਵਿਗਿਆਨ ਦੀ ਪੜ੍ਹਾਈ ਕਰਨੀ ਪੈਂਦੀ ਹੈ।

### ਤੁਸੀਂ ਆਪਣੇ ਟੀਨਏਜਰ ਦੀ ਮਦਦ ਕਿਵੇਂ ਕਰ ਸਕਦੇ ਹੋ

ਪੇਸ਼ ਹੋਣ ਵਾਲੇ ਕੋਰਸਾਂ ਅਤੇ ਯੋਗਤਾਵਾਂ ਬਾਰੇ ਵਧ ਤੋਂ ਵਧ ਜਾਣਕਾਰੀ ਪ੍ਰਾਪਤ ਕਰਨ ਵਿਚ ਉਨ੍ਹਾਂ ਦੀ ਮਦਦ ਕਰੋ। ਉਨ੍ਹਾਂ ਨੂੰ ਪ੍ਰੇਰਤ ਕਰੋ:

- ਉਹ ਸਕੂਲ ਤੋਂ ਮਿਲਣ ਵਾਲੀ ਜਾਣਕਾਰੀ ਪੜ੍ਹਨ- ਜੇਕਰ ਉਹ ਅਹਿਮ ਪੜਾਅ 4 ਲਈ ਵਿਕਲਪ ਚੁਣ ਰਹੇ ਹੋਣ, ਤਾਂ ਪੜਤਾਲ ਕਰੋ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਕਿਹੜੇ ਵਿਸ਼ੇ ਲਾਜ਼ਮੀ ਹਨ ਅਤੇ ਕਿਹੜੇ ਵਿਕਲਪਕ
- ਸਥਾਨਕ ਮੌਕਿਆਂ ਬਾਰੇ ਹੋਰ ਜਾਣਕਾਰੀ ਲੈਣ ਲਈ ਓਹ ਸਥਾਨਕ ਔਨਲਾਈਨ 14-19 ਪ੍ਰਾਸਪੈਕਟਸ ਨੂੰ ਵਰਤਣ – ਇਹ ਉਨ੍ਹਾਂ ਨੂੰ **www.direct.gov.uk/14-19prospectus** ਉੱਤੇ ਮਿਲ ਸਕਦੀ ਹੈ
- ਜਿਹੜੇ ਵਿਕਲਪਾਂ ਵਿਚ ਉਨ੍ਹਾਂ ਦੀ ਦਿਲਚਸਪੀ ਹੋਵੇ ਉਨ੍ਹਾਂ ਬਾਰੇ ਕਿਸੇ ਕਿਸਮ ਦੇ ਸਵਾਲ ਹੋਣ ਤਾਂ ਉਨ੍ਹਾਂ ਦੀ ਸੂਚੀ ਤਿਆਰ ਕਰਨ, ਇਹ ਵਿਕਲਪ ਕਿਧਰ ਲਿਜਾਂਦੇ ਹਨ ਅਤੇ ਵਿੱਤੀ ਸਹਾਇਤਾ ਦੇ ਮੌਜੂਦ ਹੋਣ ਬਾਰੇ
- ਉਨ੍ਹਾਂ ਲੋਕਾਂ ਨਾਲ ਗੱਲਬਾਤ ਕਰਨ ਜੋ ਉਨ੍ਹਾਂ ਨੂੰ ਲੋੜੀਂਦੀ ਜਾਣਕਾਰੀ ਰਖਦੇ ਹੋਣ- ਉਦਾਹਰਣ ਲਈ, ਉਨ੍ਹਾਂ ਦੀ ਦਿਲਚਸਪੀ ਵਾਲੇ ਵਿਕਲਪਾਂ ਨੂੰ ਚਲਾਉਣ ਜਾਂ ਲੈਣ ਵਾਲੇ ਲੋਕ, ਉਨ੍ਹਾਂ ਦੇ ਅਧਿਆਪਕ, ਪੇਸ਼ਾ ਤਾਲਮੇਲਕ ਅਤੇ Connexions ਦੇ ਨਿਜੀ ਸਲਾਹਕਾਰ

- ਕੋਰਸ ਪਰਖ (ਟੇਸਟਰ) ਵਿਚ ਨਾਂ ਲਿਖਾਉਣ ਅਤੇ ਵਿਕਲਪ ਵਿਚ ਸ਼ਾਮਲ ਗੱਲਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਉੱਥੇ ਜਾਣ
- ਅਰਜ਼ੀ ਦੇਣ ਦੀ ਅੰਤਲੀ ਮਿਆਦ ਬਾਰੇ ਪਤਾ ਲੈਣ, ਖਾਸ ਤੌਰ ਤੇ 16 ਤੋਂ ਬਾਦ, ਕਿਉਂਕਿ ਹਰਮਨਪਿਆਰੇ ਵਿਕਲਪ ਛੇਤੀ ਭਰ ਜਾਂਦੇ ਹਨ।

ਬਿਹਤਰ ਯੋਗਤਾਵਾਂ ਨਾਲ ਬਿਹਤਰ ਨੌਕਰੀ, ਉਚੇਰੀ ਤਨਖਾਹ ਅਤੇ ਕੰਮ ਤੋਂ ਵਧੇਰੇ ਸੰਤੁਸ਼ਟੀ ਮਿਲਣ ਦੀ ਸੰਭਾਵਨਾ ਬਣਦੀ ਹੈ। ਬਿਨਾ ਯੋਗਤਾਵਾਂ ਵਾਲੇ ਲੋਕਾਂ ਲਈ ਨੌਕਰੀਆਂ ਤੇਜ਼ੀ ਨਾਲ ਅਲੋਪ ਹੋ ਰਹੀਆਂ ਹਨ। ਜੇ ਤੁਹਾਡਾ ਟੀਨਏਜਰ ਇਹ ਫ਼ੈਸਲਾ ਲੈ ਰਿਹਾ ਹੈ ਕਿ 16 ਤੋਂ ਬਾਦ ਕੀ ਕਰਨਾ ਹੈ, ਤਾਂ ਉਸਨੂੰ ਅਜਿਹਾ ਵਿਕਲਪ ਚੁਣਨ ਲਈ ਪ੍ਰੇਰਤ ਕਰੋ ਜਿਸ ਵਿਚ ਅਗਲੇਰੀ ਪੜ੍ਹਾਈ ਸ਼ਾਮਲ ਹੋਵੇ, ਸਮੇਤ ਉਚੇਰੀ ਵਿਦਿਆ ਦੇ। ਉਨ੍ਹਾਂ ਨੂੰ ਚੇਤੇ ਕਰਾਉ ਕਿ ਉਨ੍ਹਾਂ ਦੇ ਪਿਛੋਕੜ ਕਾਰਨ ਕੋਈ ਵੀ ਰਾਹ ਉਨ੍ਹਾਂ ਲਈ ਬੰਦ ਨਹੀਂ, ਅਤੇ ਬਹੁਤੇ ਨੌਜਵਾਨ ਲੋਕ ਸਕੂਲ ਛੱਡਣ ਤੋਂ ਬਾਦ ਵੀ ਵਿਦਿਆ ਪ੍ਰਾਪਤ ਕਰਨਾ ਜਾਂ ਟ੍ਰੇਨਿੰਗ ਲੈਣਾ ਜਾਰੀ ਰਖਦੇ ਹਨ।

## ਤਕੜਾਈਆਂ ਅਤੇ ਦਿਲਚਸਪੀਆਂ

ਤੁਹਾਡੇ ਟੀਨਏਜਰ ਦੀ ਸਫਲਤਾ ਦੀ ਸੰਭਾਵਨਾ ਕਿਤੇ ਵਧ ਜਾਂਦੀ ਹੈ ਜੇ ਉਨ੍ਹਾਂ ਦੀਆਂ ਚੋਣਾਂ ਉਨ੍ਹਾਂ ਦੀਆਂ ਤਕੜਾਈਆਂ ਅਤੇ ਦਿਲਚਸਪੀਆਂ ਨਾਲ ਮੇਲ ਖਾਂਦੀਆਂ ਹੋਣ।

### ਉਨ੍ਹਾਂ ਦੀਆਂ ਤਕੜਾਈਆਂ ਅਤੇ ਦਿਲਚਸਪੀਆਂ ਦੀ ਨਿਸ਼ਾਨਦੇਹੀ ਕਰਨ ਵਿਚ ਸਹਾਇਤਾ ਕਰੋ

ਉਨ੍ਹਾਂ ਨੂੰ ਇਨ੍ਹਾਂ ਬਾਰੇ ਗੱਲ ਕਰਨ ਲਈ ਪ੍ਰੇਰਤ ਕਰੋ:

- ਉਨ੍ਹਾਂ ਦੇ ਪਸੰਦੀਦਾ ਅਤੇ ਸਭ ਤੋਂ ਘਟ ਪਸੰਦ ਵਾਲੇ ਸਬਕ
- ਵਿਹਲ ਦੇ ਸਮੇਂ ਦੀਆਂ ਉਨ੍ਹਾਂ ਦੀਆਂ ਸਰਗਰਮੀਆਂ
- ਵੱਖੋ-ਵੱਖ ਕਿਸਮ ਦੇ ਸਬਕਾਂ ਬਾਰੇ ਉਹ ਕੀ ਮਹਿਸੂਸ ਕਰਦੇ ਹਨ
- ਟੈਸਟਾਂ, ਇਮਤਿਹਾਨਾ ਅਤੇ ਅਮਲੀ ਪ੍ਰਜੈਕਟਾਂ ਬਾਰੇ ਉਹ ਕੀ ਮਹਿਸੂਸ ਕਰਦੇ ਹਨ

ਤੁਸੀਂ ਉਨ੍ਹਾਂ ਨਾਲ ਹੁਣ ਕਿੱਧਰ ਵੱਲ? (**Which way now?**) ਹੇਠਲੀਆਂ ਸਰਗਰਮੀਆਂ ਉੱਪਰ ਵੀ ਕੰਮ ਕਰ ਸਕਦੇ ਹੋ ਜੋ ਅਹਿਮ ਪੜਾਅ 4 ਦੀਆਂ ਚੋਣਾਂ ਨੂੰ ਦੇਖਦੀ ਹੈ, ਜਾਂ ਇਹ ਤੁਹਾਡੀ ਚੋਣ ਹੈ (**It's your choice**) ਉੱਪਰ ਜੋ 16 ਤੋਂ ਬਾਦ ਦੀਆਂ ਚੋਣਾਂ ਨੂੰ ਦੇਖਦੀ ਹੈ। ਜੇਕਰ ਔਨਲਾਈਨ ਕੰਮ ਕਰਦਿਆਂ ਉਹ ਬਿਹਤਰ ਸੋਚ ਸਕਦੇ ਹਨ, ਤਾਂ ਉਨ੍ਹਾਂ ਨੂੰ **www.connexions-direct.com/whichwaynow** ਅਤੇ **www.connexions-direct.com/itsyourchoice** ਉੱਤੇ ਮੈਗਜ਼ੀਨਾਂ ਦੇ ਇੰਟਰ-ਐਕਟਿਵ ਰੂਪ ਵਰਤਣ ਲਈ ਪ੍ਰੇਰਤ ਕਰੋ।

### ਹੁਣ ਕਰਨ ਵਾਲੇ ਕੰਮ ਦੀ ਆਪਣੀ ਚੋਣ ਅਤੇ ਜੋ ਉਹ ਭਵਿੱਖ ਵਿਚ ਕਰਨਾ ਚਾਹੁੰਦੇ ਹਨ ਵਿਚਲੇ ਸਬੰਧ ਦੇਖਣ ਵਿਚ ਉਨ੍ਹਾਂ ਦੀ ਸਹਾਇਤਾ ਕਰੋ

ਉਨ੍ਹਾਂ ਨੂੰ ਪ੍ਰੇਰਤ ਕਰੋ ਕਿ ਉਹ ਭਵਿੱਖ ਬਾਰੇ ਆਪਣੀਆਂ ਆਸਾਂ ਅਤੇ ਨਜ਼ਰੀਏ, ਅਤੇ ਜੇਕਰ ਕੰਮ ਜਾਂ ਪੜ੍ਹਾਈ ਬਾਰੇ ਉਨ੍ਹਾਂ ਦੇ ਕੋਈ ਵਿਚਾਰ ਹੋਣ, ਬਾਬਤ ਗੱਲ ਕਰਨ। ਉਨ੍ਹਾਂ ਨੂੰ ਮੁੜ ਭਰੋਸਾ ਕਰਾਉ ਕਿ ਜੇਕਰ ਉਨ੍ਹਾਂ ਕੋਲ ਕੋਈ ਸਪਸ਼ਟ ਯੋਜਨਾ ਨਾ ਵੀ ਹੋਵੇ ਤਾਂ ਵੀ ਠੀਕ ਹੈ। ਉਹ ਅਜਿਹੇ ਵਿਕਲਪ ਚੁਣ ਸਕਦੇ ਹਨ ਜੋ ਭਵਿੱਖ ਵਿਚ ਉਨ੍ਹਾਂ ਨੂੰ ਕਈ ਕਿਸਮਾਂ ਦੀ ਚੋਣ ਦਾ ਮੌਕਾ ਦੇਣਗੇ।

ਜੇ ਉਨ੍ਹਾਂ ਦੇ ਮਨ ਵਿਚ ਕੋਈ ਖਾਸ ਪੇਸ਼ਾ ਹੈ, ਤਾਂ ਉਨ੍ਹਾਂ ਨੂੰ ਉਸ ਵਿਚ ਜਾਣ ਲਈ ਵਿਸ਼ੇਸ਼ ਤਜਰਬੇ, ਵਿਸ਼ੇ, ਯੋਗਤਾਵਾਂ ਅਤੇ ਗਰੇਡਾਂ ਦੀ ਲੋੜ ਪੈ ਸਕਦੀ ਹੈ। ਉਨ੍ਹਾਂ ਨੂੰ ਪ੍ਰੇਰਤ ਕਰੋ ਕਿ ਆਪਣੀ ਦਿਲਚਸਪੀ ਦੇ ਪੇਸ਼ਿਆਂ ਬਾਰੇ ਜਾਣਕਾਰੀ ਲੈਣ ਲਈ ਉਹ **www.connexions-direct.com/jobs4u** ਉੱਤੇ **jobs4u** ਦੇਖਣ ਅਤੇ ਕੋਰਸ ਵਿਚ ਦਾਖਲੇ ਦੀਆਂ ਸ਼ਰਤਾਂ ਬਾਰੇ ਪਤਾ ਕਰਨ ਲਈ ਸਥਾਨਕ ਔਨਲਾਈਨ 14-19 ਪ੍ਰਾਸਪੈਕਟਸ ਦੇਖਣ।

### ਜੇ ਕੋਈ ਚੋਣਾਂ ਤੁਹਾਨੂੰ ਚਿੰਤਤ ਕਰਦੀਆਂ ਹੋਣ ਤਾਂ ਨਰਮਾਈ ਨਾਲ ਉਨ੍ਹਾਂ ਬਾਰੇ ਉਜ਼ਰ ਕਰੋ

ਉਦਾਹਰਣ ਲਈ, ਸ਼ਾਇਦ ਤੁਸੀਂ ਕਿਸੇ ਚੋਣ ਬਾਰੇ ਉਜ਼ਰ ਕਰਨਾ ਚਾਹੋ ਜੇ ਤੁਹਾਨੂੰ ਜਾਪੇ ਕਿ ਤੁਹਾਡੇ ਟੀਨਏਜਰ ਨੇ:

- ਪੂਰੀ ਤਰ੍ਹਾਂ ਖੋਜ ਨਹੀਂ ਕੀਤੀ
- ਕਿਸੇ ਵਿਸ਼ੇ ਵਿਚ ਆਪਣੀ ਦਿਲਚਸਪੀ ਅਤੇ ਸਮਰੱਥਾ ਨੂੰ ਵਧ ਜਾਂ ਵਿਸ਼ੇਸ਼ ਤੌਰ ਤੇ ਘਟ ਸਮਝਿਆ ਹੈ
- ਉਨ੍ਹਾਂ ਦੇ ਪਰਭਾਵ ਨੂੰ ਲੋੜ ਨਾਲੋਂ ਵਧ ਕਬੂਲਿਆ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਵਿਚਾਰ ਵਿਚ ਕੋਰਸ ਪੜ੍ਹਾਉਣਾ ਹੈ, ਜਾਂ ਉਨ੍ਹਾਂ ਦੇ ਮਿੱਤਰ ਕੀ ਕਹਿੰਦੇ ਹਨ ਜਾਂ ਜੇ ਗਰੁੱਪ ਵਿਚ ਇਕੱਲੇ ਮੁੰਡੇ ਜਾਂ ਕੁੜੀ ਹੋਣ ਬਾਰੇ ਡਰ ਹੋਵੇ।

### ਉਨ੍ਹਾਂ ਦੇ ਫ਼ੈਸਲਿਆਂ ਦਾ ਸਮਰਥਨ ਕਰੋ

ਜੇ ਤੁਸੀਂ ਆਪਣੇ ਟੀਨਏਜਰ ਦੀਆਂ ਚੋਣਾਂ ਨਾਲ ਅਸਹਿਮਤ ਹੋ, ਤਾਂ ਸੁਚੱਜੇ ਢੰਗ ਨਾਲ ਮੰਨ ਜਾਉ। ਉਨ੍ਹਾਂ ਦੀ ਚੋਣ ਨੂੰ ਮਨਜ਼ੂਰ ਕਰਕੇ ਇਹ ਦਰਸਾਉ ਕਿ ਤੁਸੀਂ ਉਨ੍ਹਾਂ ਲਈ ਸਭ ਤੋਂ ਵਧੀਆ ਕੁਝ ਦੀ ਕਾਮਨਾ ਰਖਦੇ ਹੋ। ਜੇ ਬਾਦ ਵਿਚ ਜਾ ਕੇ ਉਨ੍ਹਾਂ ਨੂੰ ਮਹਿਸੂਸ ਹੋਵੇ ਕਿ ਉਨ੍ਹਾਂ ਨੇ ਗਲਤ ਫ਼ੈਸਲਾ ਲਿਆ ਸੀ, ਤਾਂ ਨਤੀਜਿਆਂ ਨਾਲ ਸਿੱਝਣ ਲਈ ਉਨ੍ਹਾਂ ਨੂੰ ਤੁਹਾਡੇ ਸਮਰਥਨ ਦੀ ਲੋੜ ਪਵੇਗੀ।

### ਉਨ੍ਹਾਂ ਨੂੰ ਇਕ ਰਾਖਵੀਂ ਯੋਜਨਾ ਤਿਆਰ ਕਰਨ ਲਈ ਪਰੇਰੋ

ਕਈ ਵਿਹਾਰਕ ਕਾਰਨਾਂ ਕਰਕੇ ਸ਼ਾਇਦ ਉਹ ਕੁਝ ਅਜਿਹੀਆਂ ਚੀਜ਼ਾਂ ਰਲਾ ਕੇ ਨਾ ਕਰ ਸਕਣ ਜੋ ਉਹ ਕਰਨਾ ਚਾਹੁੰਦੇ ਹਨ। ਇਕ ਰਾਖਵੀਂ ਯੋਜਨਾ ਦੇ ਹੋਣ ਨਾਲ ਉਨ੍ਹਾਂ ਨੂੰ ਜਾਪੇਗਾ ਕਿ ਜੋ ਵੀ ਹੋਵੇਗਾ ਉਸ ਉੱਪਰ ਉਨ੍ਹਾਂ ਦਾ ਕੁਝ ਨਿਯੰਤਰਣ ਫੇਰ ਵੀ ਰਹੇਗਾ।

## ਤੁਹਾਡੀ ਮਦਦ ਕੌਣ ਕਰ ਸਕਦਾ ਹੈ?

ਤੁਸੀਂ ਵਿਸ਼ਾ ਅਧਿਆਪਕਾਂ ਅਤੇ ਫ਼ਾਰਮ ਟਿਊਟਰਾਂ ਕੋਲੋਂ ਮਦਦ ਮੰਗ ਸਕਦੇ ਹੋ। ਤੁਸੀਂ ਹੇਠ ਲਿਖਤ ਲੋਕਾਂ ਅਤੇ ਸੰਸਥਾਵਾਂ ਨਾਲ ਵੀ ਮਸ਼ਵਰਾ ਕਰ ਸਕਦੇ ਹੋ। **www.connexions-direct.com/parentcarer** ਉੱਤੇ ਇਸ ਗਾਈਡ ਦੇ ਸੰਪੂਰਨ ਰੂਪ ਰਾਹੀਂ ਹੋਰ ਜਾਣਕਾਰੀ ਲਉ।

### ਆਪਣੇ ਟੀਨਏਜਰ ਦੇ Connexions ਨਿਜੀ ਸਲਾਹਕਾਰ ਨਾਲ ਗੱਲ ਕਰੋ

ਨਿਜੀ ਸਲਾਹਕਾਰ ਕੋਰਸਾਂ, ਟ੍ਰੇਨਿੰਗ ਮੌਕਿਆਂ, ਪੇਸ਼ੇ ਅਤੇ ਟੀਨਏਜਰਾਂ, ਉਨ੍ਹਾਂ ਦੇ ਮਾਪਿਆਂ ਅਤੇ ਨਿਗਰਾਨਾਂ ਨੂੰ ਦਰਪੇਸ਼ ਹੋਰ ਮਸਲਿਆਂ ਬਾਰੇ ਜਾਣਕਾਰੀ, ਸਲਾਹ ਅਤੇ ਮਾਰਗਦਰਸ਼ਨ ਦੇਂਦੇ ਹਨ। ਤੁਸੀਂ ਆਪਣੇ ਟੀਨਏਜਰ ਦੇ ਸਲਾਹਕਾਰ ਨਾਲ ਸਕੂਲ ਵਿਖੇ ਜਾਂ ਸਥਾਨਕ Connexions ਕੇਂਦਰ ਵਿਚ ਮਿਲਣਾ ਤੈਅ ਕਰ ਸਕਦੇ ਹੋ।

Connexions ਦੇ ਨਿਜੀ ਸਲਾਹਕਾਰ ਅਤੇ ਸਕੂਲ ਦੇ ਵਿਸ਼ੇਸ਼ ਪੜ੍ਹਾਈ ਲੋੜਾਂ ਤਾਲਮੇਲਕ (Special Educational Needs Co-ordinators (SENCO)) ਖਾਸ ਲੋੜਾਂ ਅਤੇ ਅਸਮਰੱਥਾ ਵਾਲੇ ਟੀਨਏਜਰਾਂ ਨੂੰ ਬਦਲ ਯੋਜਨਾ ਬਣਾਉਣ (ਟ੍ਰਾਂਜ਼ਿਸ਼ਨ ਪਲੈਨਿੰਗ) ਵਾਸਤੇ ਵਾਧੂ ਮਦਦ ਦੇਂਦੇ ਹਨ। ਸਾਲ 9, 10 ਅਤੇ 11 ਵਿਚ ਵਿਸ਼ੇਸ਼ ਪੜ੍ਹਾਈ ਲੋੜਾਂ ਦੇ ਬਿਆਨ ਦੀ ਸਾਲਾਨਾ ਰਿਵਿਊ ਮੰਗ ਦੇ ਨਾਲ ਬਾਲਗ ਜੀਵਨ ਲਈ ਇਕ ਬਦਲ ਯੋਜਨਾ ਵੀ ਜ਼ਰੂਰ ਤਿਆਰ ਕੀਤੀ ਜਾਣੀ ਚਾਹੀਦੀ ਹੈ। ਬਦਲ ਯੋਜਨਾ ਨੂੰ ਟੀਨਏਜਰ ਨਾਲ ਮਿਲ ਕੇ ਬਣਾਇਆ ਜਾਣਾ ਚਾਹੀਦਾ ਹੈ ਅਤੇ ਵਿਚਾਰ-ਵਟਾਂਦਰੇ ਦੇ ਕੇਂਦਰ ਨੂੰ ਉਨ੍ਹਾਂ ਦੀਆਂ ਦਿਲਚਸਪੀਆਂ ਅਤੇ ਭਵਿਖ ਵਿਚ ਉਹ ਕੀ ਕਰਨਾ ਚਾਹੁੰਦੇ ਹਨ ਉੱਤੇ ਫ਼ੋਕਸ ਕਰਨਾ ਚਾਹੀਦਾ ਹੈ, ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਨਿਗਰਾਨਾਂ ਨਾਲ ਸਾਰੇ ਮੌਜੂਦ ਵਿਕਲਪ ਵਿਚਾਰ ਕੇ। ਟੀਨਏਜਰ ਦੀ ਜ਼ਿੰਦਗੀ ਨਾਲ ਜੁੜੇ ਹੋਰ ਪੇਸ਼ੇਵਰ ਮਾਹਰ ਵੀ ਆਪਣਾ ਯੋਗਦਾਨ ਦੇ ਸਕਦੇ ਹਨ। ਬਦਲ ਯੋਜਨਾ ਦੇ ਤਿਆਰ ਹੋ ਜਾਣ ਉਪਰੰਤ Connexions ਦਾ ਨਿਜੀ ਸਲਾਹਕਾਰ ਇਸਨੂੰ ਅਮਲੀ ਰੂਪ ਦੇਣ ਵਿਚ ਮਦਦ ਕਰੇਗਾ, ਜਿਸ ਵਿਚ ਟੀਨਏਜਰ ਦੀਆਂ ਵਿਸ਼ੇਸ਼ ਸਹਾਇਤਾ ਲੋੜਾਂ ਨੂੰ ਤਿਆਰ ਕਰਨਾ ਵੀ ਸ਼ਾਮਲ ਹੈ। Connexions 25 ਸਾਲ ਦੀ ਉਮਰ ਹੋ ਜਾਣ ਤਕ ਸਹਾਇਤਾ ਦੇਣਾ ਜਾਰੀ ਰਖ ਸਕਦਾ ਹੈ।

### Connexions Direct ਨੂੰ ਵਰਤੋ

13 ਤੋਂ 19 ਸਾਲ ਦੀ ਉਮਰ ਵਾਲਿਆਂ ਲਈ ਇਹ ਸੇਵਾ ਟੀਨਏਜਰਾਂ ਨੂੰ ਪਰਭਾਵਤ ਕਰਨ ਵਾਲੇ ਕਾਫ਼ੀ ਸਾਰੇ ਮਸਲਿਆਂ ਬਾਰੇ ਤੁਰੰਤ ਜਾਣਕਾਰੀ ਅਤੇ ਸਲਾਹ ਪੇਸ਼ ਕਰਦੀ ਹੈ। ਇਸ ਤਕ ਵੈੱਬਸਾਈਟ ਰਾਹੀਂ ਜਾਂ Connexions ਸਿੱਧੇ ਸਲਾਕਾਰ ਨਾਲ ਸੰਪਰਕ ਕੀਤਿਆਂ ਪਹੁੰਚ ਕੀਤੀ ਜਾ ਸਕਦੀ ਹੈ। **www.connexions-direct.com/jobs4u** ਉੱਤੇ **jobs4u** ਹੇਠ ਇਸ ਵੈੱਬਸਾਈਟ ਕੋਲ ਪੇਸ਼ਿਆਂ ਦਾ ਡਾਟਾਬੇਸ ਮੌਜੂਦ ਹੈ। Connexions Direct ਦੇ ਸਿੱਧੇ ਸਲਾਹਕਾਰ ਟੈਲੀਫ਼ੋਨ, ਟੈਕਸਟ ਜਾਂ **www.connexions-direct.com** ਉੱਪਰ ਈ ਮੇਲ ਰਾਹੀਂ ਹਫ਼ਤੇ ਦੇ ਸੱਤੇ ਦਿਨ ਸਵੇਰ 8 ਵਜੇ ਤੋਂ ਲੈ ਕੇ ਰਾਤ ਦੇ 2 ਵਜੇ ਤਕ ਨੌਜਵਾਨ ਲੋਕਾਂ ਲਈ ਉਪਲਬਦ ਹਨ।

### www.direct.gov.uk ਉੱਤੇ Directgov ਨੂੰ ਵਰਤੋ

ਜਨਤਕ ਸੇਵਾਵਾਂ ਬਾਰੇ ਜਾਣਕਾਰੀ ਵਾਸਤੇ ਇਹ ਇੱਕੋ-ਪੜਾਅ-ਸਥਲ ਹੈ। ਨੌਜਵਾਨ ਲੋਕਾਂ ਦੀਆਂ ਚੋਣਾਂ, ਵਿੱਤੀ ਸਹਾਇਤਾ ਅਤੇ ਪੜ੍ਹਾਈ ਤੇ ਮਦਦ ਸਰੋਤਾਂ ਬਾਰੇ ਤੁਹਾਨੂੰ ਲੋੜੀਂਦੀ ਹਰ ਜਾਣਕਾਰੀ ਪ੍ਰਾਪਤ ਕਰਨ ਲਈ ਇਸਦੇ ‘Parents’ (‘ਮਾਪੇ’) ਅਤੇ ‘Young people’ (‘ਨੌਜਵਾਨ ਲੋਕ’) ਹਿੱਸੇ ਦੇਖੋ।

**Parentline Plus ਨਾਲ ਸੰਪਰਕ ਕਰੋ**
ਇਹ ਮਾਪੇ ਜਾਣਦੇ ਹਨ (Parent Know How) ਪ੍ਰੋਗਰਾਮ **www.dcsf.gov.uk/parentknowhow** ਤਹਿਤ ਸਮਰਥਨ ਪ੍ਰਾਪਤ ਕਰਨ ਵਾਲੀਆਂ ਵਲੰਟਰੀ ਸੈਕਟਰ ਸੰਸਥਾਵਾਂ ਵਿਚੋਂ ਇਕ ਹੈ। ਮਾਪਿਆਂ ਦੀਆਂ ਜ਼ਿੰਮੇਵਾਰੀਆਂ ਨਾਲ ਸਬੰਧਤ ਕਿਸੇ ਵੀ ਸਵਾਲ ਬਾਰੇ ਇਹ ਮਾਪਿਆਂ ਨੂੰ ਮੁਫ਼ਤ ਸਲਾਹ ਅਤੇ ਮਾਰਗ ਦਰਸ਼ਨ ਮੁਹੱਈਆ ਕਰਦੇ ਹਨ। ਤੁਸੀਂ **0808 800 2222** ਉੱਤੇ 24 ਘੰਟੇ ਦੀ ਹੈਲਪਲਾਈਨ ਨੂੰ ਕਾੱਲ ਕਰ ਸਕਦੇ ਹੋ ਜਾਂ **www.parentlineplus.org.uk** ਉੱਤੇ ਵੈੱਬਸਾਈਟ ਰਾਹੀਂ ਜਾਣਕਾਰੀ ਅਤੇ ਈ-ਮੇਲ ਮਦਦ ਪ੍ਰਾਪਤ ਕਰ ਸਕਦੇ ਹੋ।

Parentline Plus ‘school gate’ (‘ਸਕੂਲ ਗੇਟ’) ਨਾਂ ਦੇ ਇਕ ਸਮਾਜਕ ਮੀਡੀਆ ਭਾਈਚਾਰੇ ਨੂੰ ਵੀ ਔਨਲਾਈਨ ਚਲਾਂਦੀ ਹੈ। ਹੋਰ ਜਾਣਕਾਰੀ ਲੈਣ ਲਈ **www.gotateenager.org.uk** ਦੇਖੋ।

## ਪੈਸੇ ਦੇ ਮਾਮਲੇ

**ਭਵਿੱਖ ਵਿਚ ਤੁਹਾਡੇ ਟੀਨਏਜਰ ਦੀ ਸਫਲਤਾ ਲਈ ਪੜ੍ਹਾਈ ਅਹਿਮ ਹੈ, ਅਤੇ ਪੈਸੇ ਬਾਰੇ ਚਿੰਤਾ ਕਾਰਨ ਉਨ੍ਹਾਂ ਦੇ ਪੜ੍ਹਨਾ ਜਾਰੀ ਰਖਣ ਵਿਚ ਵਿਘਨ ਨਹੀਂ ਪੈਣਾ ਚਾਹੀਦਾ। ਜੇ ਉਹ 16 ਸਾਲ ਤੋਂ ਵਧ ਉਮਰ ਦੇ ਹਨ, ਤਾਂ ਉਨ੍ਹਾਂ ਨੂੰ ਕੁਝ ਵਿੱਤੀ ਮਦਦ ਮਿਲ ਸਕਦੀ ਹੈ। ਉਦਾਹਰਣ ਲਈ, ਉਨ੍ਹਾਂ ਨੂੰ ਇਨ੍ਹਾਂ ਕੰਮਾਂ ਲਈ ਮਦਦ ਮਿਲ ਸਕਦੀ ਹੈ:**

- ਰੋਜ਼ਮੱਰਾ ਦੀ ਪੜ੍ਹਾਈ ਦਾ ਖਰਚ- **ਪੜ੍ਹਾਈ ਜਾਰੀ ਰਖਣ ਦਾ ਅਲਾਊਂਸ (EMA)** ਸਰਕਾਰ ਵੱਲੋਂ ਚਲਾਈ ਜਾਂਦੀ ਯੋਜਨਾ ਹੈ ਜੋ ਹਕਦਾਰ ਨੌਜਵਾਨ ਲੋਕਾਂ ਨੂੰ ਪੜ੍ਹਨਾ ਜਾਰੀ ਰਖਣ ਲਈ £30 ਪ੍ਰਤੀ ਹਫ਼ਤਾ ਤਕ ਦੀ ਮਦਦ ਦੇਂਦੀ ਹੈ। ਉਨ੍ਹਾਂ ਨੂੰ ਮਿਲਣ ਵਾਲੀ ਰਕਮ ਤੁਹਾਡੀ ਪਰਵਾਰਕ ਆਮਦਨ ‘ਤੇ ਨਿਰਭਰ ਹੈ ਪਰ ਇਸਦਾ ਅਸਰ ਹੋਰ ਪਰਵਾਰਕ ਬੈਨੇਫ਼ਿਟਾਂ ਤੇ ਨਹੀਂ ਪੈਂਦਾ
- ਬੱਚਿਆਂ ਦੀ ਦੇਖਰੇਖ - ਪੜ੍ਹਾਈ ਲਈ ਦੇਖਰੇਖ (**Care to Learn**) ਨੌਜਵਾਨ ਮਾਪਿਆਂ ਨੂੰ ਪੜ੍ਹਾਈ ਦੌਰਾਨ ਚਾਈਲਡਕੇਅਰ ਦੇ ਭੁਗਤਾਨ ਵਾਸਤੇ ਫ਼ੰਡ ਮੁਹੱਈਆ ਕਰਦਾ ਹੈ
- ਕਿਸੇ **ਅਸਮਰੱਥਾ ਜਾਂ ਪੜ੍ਹਨ ਵਿਚ ਔਖਿਆਈ** ਹੋਣ ਕਾਰਨ ਪੈਦਾ ਹੋਣ ਵਾਲੀਆਂ ਵਿਸ਼ੇਸ਼ ਲੋੜਾਂ ਦੀ ਪੂਰਤੀ ਲਈ - ਕਈ ਕਿਸਮ ਦੀ ਮਦਦ ਉਪਲਬਦ ਹੈ। ਤੁਹਾਡੇ ਟੀਨਏਜਰ ਦਾ Connexions ਸਲਾਹਕਾਰ ਇਹ ਨਿਸ਼ਾਨਦੇਹੀ ਕਰਨ ਵਿਚ ਤੁਹਾਡੀ ਸਹਾਇਤਾ ਕਰ ਸਕਦਾ ਹੈ ਕਿ ਤੁਹਾਡੇ ਟੀਨਏਜਰ ਨੂੰ ਕਿਹੜੀ ਮਦਦ ਮਿਲ ਸਕਦੀ ਹੈ
- ਵਿਸ਼ੇਸ਼ ਯੋਗਤਾਵਾਂ ਲਈ ਪੜ੍ਹਾਈ- ਡਾਂਸ ਅਤੇ ਡਰਾਮੇ ਵਰਗੇ ਖੇਤਰਾਂ ਵਿਚ ਵਿਸ਼ੇਸ਼ ਯੋਗਤਾਵਾਂ ਲੈਣ ਦੀ ਇੱਛਾ ਰਖਣ ਵਾਲੇ ਟੀਨਏਜਰਾਂ ਲਈ ਸੀਮਤ ਗਿਣਤੀ ਦੇ ਕੁਝ **ਵਜ਼ੀਫ਼ੇ ਅਤੇ ਪੜ੍ਹਾਈ ਅਵਾਰਡ** ਹਨ। ਇਨ੍ਹਾਂ ਨਾਲ ਰਹਿਣ ਅਤੇ ਟਿਊਸ਼ਨ ਦੇ ਉਨ੍ਹਾਂ ਖਰਚਿਆਂ ਵਾਸਤੇ ਮਦਦ ਹੋ ਜਾਂਦੀ ਹੈ ਜੋ ਸਰਕਾਰੀ ਭੱਤਿਆਂ ਹੇਠ ਨਹੀਂ ਆਉਂਦੇ
- ਅਗਲੇਰੀ ਪੜ੍ਹਾਈ ਦੇ ਖਰਚੇ - 16 ਸਾਲ ਤੋਂ ਵਧ ਦੇ ਉਨ੍ਹਾਂ ਵਿਦਿਆਰਥੀਆਂ ਦੀ ਮਦਦ ਲਈ ਸਕੂਲਾਂ ਅਤੇ ਕਾਲਜਾਂ ਕੋਲ **ਇੱਛਾ ਅਨੁਸਾਰ ਸਹਾਇਤਾ ਫ਼ੰਡ** ਹੁੰਦੇ ਹਨ ਜਿਨ੍ਹਾਂ ਨੂੰ ਵਿੱਤੀ ਮਦਦ ਦੀ ਬਹੁਤ ਲੋੜ ਹੋਵੇ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਸਹਾਇਤਾ ਅਫ਼ਸਰ (Student Support Officers) ਹੋਰ ਜਾਣਕਾਰੀ ਦੇ ਸਕਦੇ ਹਨ
- ਉਚੇਰੀ ਪੜ੍ਹਾਈ- ਨੌਜਵਾਨ ਲੋਕ **ਗ੍ਰਾਂਟਾਂ ਅਤੇ ਮੁੜ-ਭੁਗਤਾਨ ਹੋਣ ਵਾਲੇ ਕਰਜ਼ਿਆਂ** ਤਕ ਰਲਵੀਂ ਪਹੁੰਚ ਕਰ ਸਕਦੇ ਹਨ। ਮਿਲਣ ਵਾਲੀ ਰਕਮ ਆਮ ਤੌਰ ਤੇ ਪਰਵਾਰਕ ਆਮਦਨ ਤੇ ਨਿਰਭਰ ਕਰਦੀ ਹੈ।

**ਹੋਰ ਜਾਣਕਾਰੀ ਲਉ**
ਮਿਲ ਸਕਣ ਵਾਲੀ ਹੋਰ ਵਿੱਤੀ ਮਦਦ ਬਾਰੇ ਜਾਣਕਾਰੀ ਲੈਣ ਲਈ **www.direct.gov.uk/moneytolearn** ਅਤੇ **www.direct.gov.uk/studentfinance** ਦੇਖੋ।

## ਫ਼ੈਸਲੇ ਲੈਣ ਤੋਂ ਬਾਦ ਕੀ ਹੁੰਦਾ ਹੈ?

**ਅਗਲੇ ਕੁਝ ਸਾਲਾਂ ਦੌਰਾਨ ਤੁਹਾਡੇ ਟੀਨਏਜਰ ਨੂੰ ਆਪਣੀ ਪੜ੍ਹਾਈ ਨੂੰ ਵਿਉਂਤਣ, ਨਿਜੀ ਸਮੱਸਿਆਵਾਂ ਨਾਲ ਨਜਿੱਠਣ ਅਤੇ ਪੜ੍ਹਾਈ ਤੇ ਪੇਸ਼ੇ ਬਾਰੇ ਹੋਰ ਚੋਣਾਂ ਕਰਨ ਲਈ ਸਹਾਇਤਾ ਦੀ ਲੋੜ ਪੈ ਸਕਦੀ ਹੈ।**

ਪੜ੍ਹਾਈ ਨੂੰ ਵਿਉਂਤਣਾ

ਉਹ ਜਿਹੜੀ ਮਰਜ਼ੀ ਚੋਣ ਕਰਨ, ਟੀਨਏਜਰਾਂ ਨੂੰ ਆਪਣੀ ਪੜ੍ਹਾਈ ਨੂੰ ਵਿਉਂਤਣ, ਖੋਜ ਕਰਨ, ਕੰਮ ਨੂੰ ਮਿਆਦ ਅੰਦਰ ਕਰ ਕੇ ਦੇਣ ਅਤੇ ਚੰਗੀ ਤਰ੍ਹਾਂ ਸੋਧਣ ਦਾ ਕੰਮ ਸਹੀ ਤਰ੍ਹਾਂ ਕਰਨਾ ਸਿੱਖਣਾ ਪਵੇਗਾ। ਜੇ ਤੁਸੀਂ ਜਾਣਦੇ ਹੋਵੋ ਕਿ ਤੁਹਾਡਾ ਟੀਨਏਜਰ ਸਭ ਤੋਂ ਵਧੀਆ ਕਿਸ ਢੰਗ ਨਾਲ ਸਿਖਦਾ ਹੈ ਤਾਂ ਤੁਸੀਂ ਇਨ੍ਹਾਂ ਕੰਮਾਂ ਵਿਚ ਉਸਨੂੰ ਬਿਹਤਰ ਕਰਨ ਵਿਚ ਉਸਦੀ ਮਦਦ ਕਰ ਸਕਦੇ ਹੋ।

ਕੀ ਤੁਸੀਂ ਕਦੀ ਇਸ ਗਲ ਤੇ ਗੌਰ ਕੀਤਾ ਹੈ ਕਿ ਪੜ੍ਹਨ ਸਮੇਂ ਤੁਹਾਡਾ ਟੀਨਏਜਰ ਸੰਗੀਤ ਕਿਉਂ ਸੁਣਨਾ ਚਾਂਹਦਾ ਹੈ, ਜਾਂ ਉੱਚੀ ਬੋਲ ਕੇ ਜਾਂ ਤੁਰ-ਫਿਰ ਕੇ ਕਿਉਂ ਪੜ੍ਹਦਾ ਹੈ? ਇਹ ਉਨ੍ਹਾਂ ਦਾ ਸਿਖਿਆ ਲੈਣ ਦਾ ਅਮਲੀ ਢੰਗ ਹੋ ਸਕਦਾ ਹੈ। ਹਰ ਕੋਈ ਸਿਖਨ ਵਿਚ ਮਦਦ ਲਈ ਦੇਖਣ, ਸੁਣਨ ਤੇ ਛੋਹਣ ਨੂੰ ਵਰਤਦਾ ਹੈ। ਸਾਡੇ ਵਿਚੋਂ ਕੁਝ ਕਿਸੇ ਇਕ ਇੰਦਰੀ ਸੰਵੇਦਨਾ ਨੂੰ ਬਾਕੀਆਂ ਨਾਲੋਂ ਵੱਧ ਵਰਤਦੇ ਹਨ ਅਤੇ ਇਸਦਾ ਪਰਭਾਵ ਉਨ੍ਹਾਂ ਦੇ ਸਿਖਣ ਢੰਗ ਤੇ ਪੈਂਦਾ ਹੈ।

| | |
|---|---|
| ਜਿਹੜੇ ਪਾੜ੍ਹੇ ਨਜ਼ਰ ਤੇ ਨਿਰਭਰ ਕਰਦੇ ਹਨ…<br>• ਕਈ ਵਿਸਤ੍ਰਤ ਨੋਟ ਤਿਆਰ ਕਰਦੇ ਹਨ<br>• ਕਿਸੇ ਗਲ ਨੂੰ ਯਾਦ ਰਖਣ ਲਈ ਅੱਖਾਂ ਬੰਦ ਕਰ ਲੈਂਦੇ ਹਨ<br>• ਤਸਵੀਰਾਂ ਅਤੇ ਰੰਗਦਾਰ ਉਦਾਹਰਣਾਂ ਨੂੰ ਪਸੰਦ ਕਰਦੇ ਹਨ<br>• ਜੇ ਉਕਤਾ ਜਾਣ ਤਾਂ ਕੁਝ ਦੇਖਣਾ ਪਸੰਦ ਕਰਦੇ ਹਨ। | ਜੇ ਤੁਹਾਡਾ ਟੀਨਏਜਰ ਇਹੋ ਜਿਹਾ ਹੈ ਤਾਂ ਉਨ੍ਹਾਂ ਨੂੰ ਉਤਸ਼ਾਹਤ ਕਰੋ ਕਿ…<br>• ਕੰਮ ਕਰਨ ਲਈ ਸ਼ਾਂਤ ਥਾਂ ਲਭਣ<br>• ਜ਼ਰੂਰੀ ਪਾਠ ਨੂੰ ਉਭਾਰਨ ਲਈ ਰੰਗਾਂ ਨੂੰ ਵਰਤਣ<br>• ਆਪਣੇ ਨੁਕਤਿਆਂ ਅਤੇ ਸਮੱਗਰੀ ਨੂੰ ਚਾਰਟ, ਨਕਸ਼ਿਆਂ ਅਤੇ ਤਸਵੀਰਾਂ ਵਿਚ ਢਾਲਣ |
| ਜਿਹੜੇ ਪਾੜ੍ਹੇ ਸੁਣਨ ਤੇ ਨਿਰਭਰ ਕਰਦੇ ਹਨ…<br>• ਉੱਚੀ ਪੜ੍ਹਦੇ ਅਤੇ ਆਪਣੀ ਸਿਖਿਆ ਬਾਰੇ ਗੱਲਾਂ ਕਰਦੇ ਹਨ<br>• ਜ਼ਬਾਨੀ ਹਿਦਾਇਤਾਂ ਲੈਣਾ ਪਸੰਦ ਕਰਦੇ ਹਨ<br>• ਹੋਰਨਾ ਨੂੰ ਸਮਝਾ ਕੇ ਦਸਣਾ ਪਸੰਦ ਕਰਦੇ ਹਨ<br>• ਜੇ ਉਕਤਾ ਜਾਣ ਤਾਂ ਗੁਣਗੁਣਾਂਦੇ ਜਾਂ ਆਪਣੇ ਆਪ ਨਾਲ ਗੱਲਾਂ ਕਰਦੇ ਹਨ | ਜੇ ਤੁਹਾਡਾ ਟੀਨਏਜਰ ਇਹੋ ਜਿਹਾ ਹੈ ਤਾਂ ਉਨ੍ਹਾਂ ਨੂੰ ਉਤਸ਼ਾਹਤ ਕਰੋ ਕਿ…<br>• ਵਿਚਾਰ-ਵਟਾਂਦਰਿਆਂ ਅਤੇ ਬਹਿਸ ਵਿਚ ਹਿੱਸਾ ਲੈਣ<br>• ਇਬਾਰਤ ਨੂੰ ਉੱਚੀ ਬੋਲ ਕੇ ਪੜ੍ਹਨ<br>• ਅੱਖਾਂ ਬੰਦ ਕਰਕੇ ਤੱਥ ਦੁਹਰਾਉਣ<br>• ਚੀਜ਼ਾਂ ਚੇਤੇ ਰਖਨ ਲਈ ਸੰਗੀਤ ਧੁਨੀਆਂ, ਜਿੰਗਲ ਜਾਂ ਤੁਕਬੰਦੀਆਂ ਵਰਤਣ |
| ਜਿਹੜੇ ਪਾੜ੍ਹੇ ਚੀਜ਼ਾਂ ਨੂੰ ਛੋਹ ਕੇ ਦੇਖਣ ਤੇ ਨਿਰਭਰ ਕਰਦੇ ਹਨ…<br>• ਹੱਥੀਂ ਕੰਮ ਕਰਕੇ ਸਿਖਦੇ ਹਨ<br>• ਬਹੁਤ ਹਿਲਦੇ ਜੁਲਦੇ ਅਤੇ ਕਾਗਜ਼ ਤੇ ਚੀਚ-ਘਚੋਲੇ ਵਾਹੁੰਦੇ ਰਹਿੰਦੇ ਹਨ<br>• ਉਨ੍ਹਾਂ ਨੂੰ ਸਰਗਰਮ ਰਹਿਣ ਦੀ ਲੋੜ ਹੁੰਦੀ ਹੈ ਅਤੇ ਉਹ ਵਿਚ ਵਿਚ ਵਿਸ਼ਰਾਮ ਲੈਂਦੇ ਹਨ<br>• ਉਕਤਾ ਜਾਣ ਤੇ ਦੂਜਿਆਂ ਦਾ ਧਿਆਨ ਹਟਾਉਂਦੇ ਹਨ | ਜੇ ਤੁਹਾਡਾ ਟੀਨਏਜਰ ਇਹੋ ਜਿਹਾ ਹੈ ਤਾਂ ਉਨ੍ਹਾਂ ਨੂੰ ਉਤਸ਼ਾਹਤ ਕਰੋ ਕਿ…<br>• ਨਵੀਆਂ ਗੱਲਾਂ ਸਿਖਦੇ ਸਮੇਂ ਤੁਰਦੇ ਫਿਰਦੇ ਰਹਿਣ ਅਤੇ ਹਾਵ ਭਾਵ ਵਰਤਣ ਜਾਂ ਅਦਾਕਾਰੀ ਕਰਨ<br>• ਪੜ੍ਹਨ ਸਮੇਂ ਸੰਗੀਤ ਸੁਣਨ<br>• ਹੋਰਨਾ ਨਾਲ ਰਲ ਕੇ ਕੰਮ ਕਰਨ<br>• ਮਹੱਤਵਪੂਰਨ ਪੜ੍ਹਨ ਸਮੱਗਰੀ ਨੂੰ ਉਭਾਰਨ ਲਈ ਚਟਕੀਲੇ ਰੰਗ ਵਰਤਣ |

## ਨਿਜੀ ਸਮੱਸਿਆਵਾਂ ਨਾਲ ਨਜਿੱਠਣਾ

ਕਿਸੇ ਨਾ ਕਿਸੇ ਸਮੇਂ, ਬਹੁਤੇ ਟੀਨਏਜਰਾਂ ਨੂੰ ਕੁਝ ਅਜਿਹੇ ਸਰੋਕਾਰ ਆ ਘੇਰਦੇ ਹਨ ਜਿਸ ਕਾਰਨ ਉਨ੍ਹਾਂ ਲਈ ਆਪਣੇ ਜੀਵਨ ਦੇ ਹੋਰ ਖੇਤਰਾਂ ਦਾ ਸਾਹਮਣਾ ਕਰਨਾ ਔਖਾ ਹੋ ਜਾਂਦਾ ਹੈ। ਤੁਸੀਂ ਇਨ੍ਹਾਂ ਸਰੋਕਾਰਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਮਦਦ ਇਵੇਂ ਕਰ ਸਕਦੇ ਹੋ:

- ਜਦੋਂ ਹੀ ਤੁਹਾਨੂੰ ਕਿਸੇ ਸਮੱਸਿਆ ਬਾਰੇ ਪਤਾ ਲਗੇ ਤਾਂ ਉਨ੍ਹਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰੋ- ਦੇਰ ਨਾਲ ਸ਼ਾਮਲ ਹੋਣ ਦੀ ਬਜਾਏ ਪਹਿਲਾਂ ਸ਼ਾਮਲ ਹੋਣਾ ਸਦਾ ਹੀ ਬਿਹਤਰ ਹੁੰਦਾ ਹੈ
- ਜੋ ਉਹ ਕਹਿ ਰਹੇ ਹੋਣ ਉਸਨੂੰ ਸੁਣਨਾ ਅਤੇ ਸਮੱਸਿਆ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਣਾ
- ਉਨ੍ਹਾਂ ਨਾਲ ਮਿਲ ਕੇ ਇਸਦਾ ਹਲ ਲੱਭਣਾ- ਹੋਰਨਾ ਨੂੰ ਸ਼ਾਮਲ ਕਰਨਾ ਅਤੇ ਜੇ ਜ਼ਰੂਰੀ ਹੋਵੇ ਤਾਂ ਕਿਸੇ ਸਕੂਲ, ਕਾਲਜ, ਟ੍ਰੇਨਿੰਗ ਦੇਣ ਵਾਲੇ ਜਾਂ Connexions ਨਿਜੀ ਸਲਾਹਕਾਰ ਦੀ ਮਾਹਰ ਮਦਦ ਦੀ ਮੰਗ ਕਰਨਾ
- ਉਨ੍ਹਾਂ ਦੀਆਂ ਸਫਲਤਾਵਾਂ ਅਤੇ ਨਵੀਂਆਂ ਪ੍ਰਾਪਤੀਆਂ ਨੂੰ ਪਛਾਣਨ ਵਿਚ ਉਨ੍ਹਾਂ ਦੀ ਮਦਦ ਕਰਕੇ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿਚ ਵਾਧਾ ਕਰਨਾ
- ਪ੍ਰਿਤਪਾਲਕਤਾ (ਮੈਂਟਰਿੰਗ), ਕੋਚਿੰਗ, ਕੰਮ ਤਜਰਬੇ, ਵਲੰਟੀਅਰ ਸੇਵਾ ਅਤੇ Duke of Edinburgh ਅਵਾਰਡ ਵਰਗੇ ਮੌਕਿਆਂ ਦਾ ਵਧ ਤੋਂ ਵਧ ਲਾਭ ਲੈਣ ਵਲ ਪ੍ਰੇਰਤ ਕਰਨਾ

## ਸਿਖਿਆ ਅਤੇ ਕਰੀਅਰ ਬਾਰੇ ਹੋਰ ਵਧ ਚੋਣਾਂ ਕਰਨਾ

17 ਅਤੇ 18 ਸਾਲ ਦੀ ਉਮਰ ਵਿਚ ਤੁਹਾਡੇ ਟੀਨਏਜਰ ਦੇ ਵਿਕਲਪਾਂ ਵਿਚ ਸ਼ਾਮਲ ਹੋ ਸਕਦੇ ਹਨ:

- ਕਾਲਜ ਜਾਂ ਯੂਨੀਵਰਸਟੀ ਵਿਚ ਉਚੇਰੇ ਲੈਵਲ ਦੀਆਂ ਯੋਗਤਾਵਾਂ ਲਈ ਪੜ੍ਹਾਈ- ਉਹ ਕੁਲ-ਵਕਤੀ ਜਾਂ ਅਰਧ-ਵਕਤੀ ਤੌਰ ਤੇ ਪੜ੍ਹ ਸਕਦੇ ਹਨ ਅਤੇ ਵਿਸ਼ਾ-ਅਧਾਰਤ ਕੋਰਸ ਕਰ ਸਕਦੇ ਹਨ, ਉਦਿਯੋਗ ਦੇ ਕਿਸੇ ਖੇਤਰ ਵਿਚ ਆਪਣੀ ਸਮਝ ਵਧਾਉਣ ਲਈ ਕੋਈ ਕੰਮ-ਸਬੰਧਤ ਕੋਰਸ ਕਰ ਸਕਦੇ ਹਨ, ਜਾਂ ਕੋਈ ਨੌਕਰੀ-ਸਬੰਧਤ ਕੋਰਸ ਜੋ ਉਨ੍ਹਾਂ ਨੂੰ ਕਿਸੇ ਖਾਸ ਨੌਕਰੀ ਲਈ ਸਮਰੱਥ ਬਣਾਉਂਦਾ ਹੋਵੇ
- ਸਾਲ ਭਰ ਦੀ ਛੁੱਟੀ- ਬਹੁਤ ਸਾਰੇ ਨੌਜਵਾਨ ਲੋਕ ਆਪਣੇ ਪੇਸ਼ੇ ਦੀ ਰਾਹ ਦੇ ਅਗਲੇ ਪੜਾਅ 'ਤੇ ਕਦਮ ਧਰਨ ਤੋਂ ਪਹਿਲਾਂ ਇਕ ਸਾਲ ਦੀ ਛੁੱਟੀ (ਗੈਪ ਸਾਲ) ਲੈਂਦੇ ਹਨ ਅਤੇ ਇਸਨੂੰ ਕੰਮ ਕਰਦਿਆਂ ਜਾਂ ਯਾਤਰਾ ਕਰਨ ਵਿਚ ਬਿਤਾਉਂਦੇ ਹਨ
- ਅਪ੍ਰੇਂਟਸਸ਼ਿਪ ਲਈ ਅਰਜ਼ੀ ਦੇਣਾ
- ਨੌਕਰੀ ਲੈਣਾ - ਆਸ ਹੈ ਟ੍ਰੇਨਿੰਗ ਸਮੇਤ
- ਆਪਣੇ ਲਈ ਕੰਮ ਕਰਨਾ- ਸਵੈ-ਰੁਜ਼ਗਾਰ ਇਕ ਔਖਾ ਵਿਕਲਪ ਹੈ ਸੋ ਜੇ ਤੁਹਾਡੇ ਟੀਨਏਜਰ ਦੀ ਇਸ ਵਿਚ ਦਿਲਚਸਪੀ ਹੋਵੇ, ਤਾਂ ਉਨ੍ਹਾਂ ਪ੍ਰੇਰਤ ਕਰੋ ਕਿ ਉਹ ਛੇਤੀ ਤੋਂ ਛੇਤੀ ਮਾਹਰ ਮਸ਼ਵਰਾ ਲੈਣ।

ਤੁਸੀਂ ਇਨ੍ਹਾਂ ਚੋਣਾਂ ਵਿਚੋਂ ਉਨ੍ਹਾਂ ਲਈ ਰਾਹ ਕੱਢ ਸਕਣ ਵਿਚ ਮਦਦ ਕਰ ਸਕਦੇ ਹੋ, ਉਨ੍ਹਾਂ ਨੂੰ ਤਿੰਨ ਸਵਾਲਾਂ ਦਾ ਜਵਾਬ ਦੇਣ ਲਈ ਪ੍ਰੇਰਤ ਕਰਕੇ:

- ਇਸ ਸਮੇਂ ਮੈਂ ਕਿੱਥੇ ਹਾਂ?
- ਮੇਰੀ ਕਿੱਥੇ ਪਹੁੰਚਣ ਦੀ ਇੱਛਾ ਹੈ?
- ਮੈਂ ਉੱਥੇ ਤਕ ਕਿਵੇਂ ਪਹੁੰਚਣਾ ਹੈ?

ਜਦੋਂ ਉਹ ਆਪਣੇ ਵਿਕਲਪ ਤਲਾਸ਼ ਰਹੇ ਹੋਣ, ਤਾਂ ਉਨ੍ਹਾਂ ਨੂੰ ਚੇਤੇ ਕਰਾਉ ਕਿ ਪੜ੍ਹਾਈ ਦਾ ਲਾਭ ਹੁੰਦਾ ਹੈ। ਯੋਗਤਾਵਾਂ ਵਾਲੇ ਅਤੇ ਉਨ੍ਹਾਂ ਤੋਂ ਰਹਿਤ ਲੋਕਾਂ ਦੀਆਂ ਤਨਖਾਹਾਂ ਵਿਚ ਵੱਡਾ ਫ਼ਰਕ ਹੁੰਦਾ ਹੈ। ਜੇ ਉਹ ਆਪਣਾ ਕਾਮਾ ਜੀਵਨ ਕਿਸੇ ਘਟ ਮੁਹਾਰਤ ਵਾਲੇ, ਘਟ ਤਨਖਾਹ ਵਾਲੇ ਕੰਮ ਤੋਂ ਸ਼ੁਰੂ ਕਰਦੇ ਹਨ, ਤਾਂ ਕਿਸੇ ਬਿਹਤਰ ਥਾਂ ਤਕ ਪਹੁੰਚਣਾ ਉਨ੍ਹਾਂ ਲਈ ਬਹੁਤ ਔਖਾ ਸਾਬਤ ਹੋ ਸਕਦਾ ਹੈ।

**ਹੋਰ ਰੂਪ**
ਇਹ ਪ੍ਰਕਾਸ਼ਨਾ ਬ੍ਰੇਲ ਅਤੇ ਆਡੀਓ ਸੀਡੀ ਦੇ ਰੂਪ ਵਿਚ ਉਪਲਬਦ ਹੈ।
ਕਿਰਪਾ ਕਰਕੇ DCSF Publications ਨੂੰ **0845 602 2260** ‘ਤੇ ਫ਼ੋਨ ਕਰੋ ਜਾਂ ਕਾਪੀਆਂ ਆਡਰ ਕਰਨ ਲਈ ਈਮੇਲ ਕਰੋ: **connexions@prolog.uk.com**

**ਉਪਲਬਦ ਅਨੁਵਾਦ**
**ਮਾਪੇ ਅਤੇ ਨਿਗਰਾਨ (Parents & Carers)** ਦੇ ਇਨਸਰਟ ਸਿਰਫ਼ ਟੈਕਸਟ ਰੂਪ ਵਿਚ ਅਰਬੀ, ਬੰਗਾਲੀ, ਗੁਜਰਾਤੀ, ਹਿੰਦੀ, ਮੰਦਾਰਿਨ ਚੀਨੀ, ਪੋਲਿਸ਼, ਪੰਜਾਬੀ, ਸੋਮਾਲੀ, ਤੁਰਕੀ, ਉਰਦੂ ਅਤੇ ਵੀਅਤਨਾਮੀ ਵਿਚ ਉਪਲਬਦ ਹਨ ਅਤੇ **www.connexions-direct.com/parentcarer** ਵੈਬਸਾਈਟ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

ਇਸਦਾ PDF ਅਤੇ ਸਿਰਫ਼ text ਰੂਪ **www.connexions-direct.com/parentcarer** ਤੇ ਔਨਲਾਈਲ ਉਪਲਬਦ ਹੈ। ਤੁਸੀਂ ਆਪਣੇ ਕੰਪਿਊਟਰ ਉੱਤੇ ਟੈਕਸਟ ਨੂੰ ਵੱਡਾ ਕਰਕੇ ਦੇਖ ਸਕੋਗੇ।